Weekly

# CANADA SIKH TIMES

21 - 27 December 2025

ਕੈਨੇਡਾ ਸਿੱਖ ਟਾਈਮਜ਼

Volume 3 Issue 51


• RELIGION • CULTURE • HERITAGE • BUSINESS

## ਫਿਰੋਜ਼ਪੁਰ ਦੇ ਸ਼ਰਵਨ ਸਿੰਘ ਨੂੰ ਮਿਲਿਆ ਰਾਸ਼ਟਰੀ ਬਾਲ ਪੁਰਸਕਾਰ



ਵੀਰ ਬਾਲ ਦਿਵਸ ਮੌਕੇ ’ਤੇ ਅੱਜ ਦਿੱਲੀ ਦੇ ਵਿਗਿਆਨ ਭਵਨ ’ਚ ਇਕ ਸਮਾਗਮ ਦੌਰਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 18 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਚੁਣੇ ਗਏ 20 ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਇਨ੍ਹਾਂ ਪੁਰਸਕਾਰ ਜੇਤੂਆਂ ਵਿਚ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦਾ ਸ਼ਰਵਣ ਸਿੰਘ ਵੀ ਸ਼ਾਮਲ ਹੈ, ਜਿਸ ਨੇ ਪਾਕਿਸਤਾਨ ਨਾਲ ਜੰਗ ਦੌਰਾਨ ਭਾਰਤੀ ਫੌਜੀਆਂ ਨੂੰ ਰਸਦ ਪਹੁੰਚਾ ਕੇ ਉਨ੍ਹਾਂ ਦੀ ਮੱਦਦ ਕੀਤੀ ਸੀ। ਪਿੰਡ ਚੱਕ ਘੁਬਾਈ ਦੇ ਇਸ 12 ਸਾਲਾਂ ਦੇ ਸ਼ਰਵਨ ਸਿੰਘ ਨੇ ਅਪਰੇਸ਼ਨ ਸੰਧੂਰ ਮੌਕੇ ਸਰਹੱਦੀ ਖੇਤਰ ਵਿਚ ਚੱਲ ਰਹੇ ਤਣਾਅ ਦੌਰਾਨ ਬਾਰਡਰ ’ਤੇ ਤਾਇਨਾਤ ਭਾਰਤੀ ਫੌਜ ਦੇ ਜਵਾਨਾਂ ਦੀ ਸੇਵਾ ਕਰਦਿਆਂ ਕਰੀਬ ਇਕ ਮਹੀਨਾ ਹਰ ਰੋਜ਼ ਚਾਹ, ਲੰਗਰ ਅਤੇ ਦੁੱਧ ਪਹੁੰਚਾਇਆ ਸੀ। ਸ਼ਰਵਨ ਸਿੰਘ ਦੀ ਇਸ ਪ੍ਰਾਪਤੀ ਉਤੇ ਇਲਾਕੇ ਦੇ ਲੋਕ ਮਾਣ ਮਹਿਸੂਸ ਕਰ ਰਹੇ ਹਨ। ਇਨ੍ਹਾਂ ਸਨਮਾਨਿਤ ਬੱਚਿਆਂ ਵਿਚ ਬਿਹਾਰ ਦਾ 14 ਸਾਲਾਂ ਦਾ ਕ੍ਰਿਕਟਰ ਵੈਭਵ ਸੂਰਿਆਵੰਸ਼ੀ ਵੀ ਸ਼ਾਮਲ ਹੈ।

## Meet Jagmeet Singh: India’s 7’3 Rising Star in American Basketball




Jagmeet Singh, a towering 7’3 basketball talent from India, is quickly making waves in the American basketball scene. New to U.S. competition, he’s already drawing serious attention from coaches and scouts alike. Known for his soft touch around the rim and a confident, reliable jump shot, Jagmeet combines rare height with polished skill. This spring and summer, he will showcase his game with AR Elite, where he is expected to face top national competition. With his unique blend of size, shooting ability, and on-court presence, Jagmeet Singh is emerging as one of the most exciting international prospects to watch in the country. His transition from international courts to the U.S. system highlights his adaptability and work ethic. Analysts believe sustained exposure and high-level competition could open doors to opportunities ahead.

## Dr. Amrit Pal Singh Earns Prestigious IBOMS Fellowship



The Indian Board of Oral & Maxillofacial Surgery (IBOMS), under the aegis of the Association of Oral & Maxillofacial Surgeons of India (AOMSI), conducts a highly competitive Fellowship Examination each year during its annual conference to recognise excellence in the specialty. The IBOMS Fellowship reflects advanced surgical expertise, professional credibility, and commitment to the highest standards of patient care. Dr Amrit Pal Singh has successfully earned this prestigious Fellowship. A graduate and postgraduate of Government Dental College, Srinagar, he completed his BDS and MDS in Oral & Maxillofacial Surgery after qualifying the CET. He was awarded a Gold Medal by the IDA J&K Branch for securing first position in his subject. Before joining Government Dental College & Hospital, Jammu, as faculty in 2019, Dr Singh played a key role in establishing a dedicated maxillofacial unit at District Hospital Baramulla to treat complex trauma cases. He hails from village Chack Kanispora, Baramulla.

DESH VIDESH


# ਕੈਨੇਡਾ ਦਾ ਬਰਫ਼ੀਲਾ ਮੌਸਮ ਅਤੇ ਸਮੱਸਿਆਵਾਂ

ਕੈਨੇਡਾ ਪਰਵਾਸੀਆਂ ਨੂੰ ਆਪਣੇ ਵੱਲ ਬਹੁਤ ਆਕਰਸ਼ਿਤ ਕਰਦਾ ਹੈ। ਵਿਦੇਸ਼ਾਂ ਤੋਂ ਕੈਨੇਡਾ ’ਚ ਆ ਕੇ ਵਸਣ ਦੇ ਚਾਹਵਾਨ ਪਰਵਾਸੀ ਲੋਕ ਵਿਸ਼ੇਸ਼ ਤੌਰ ’ਤੇ ਵਿਦਿਆਰਥੀ ਵਰਗ ਜਦੋਂ ਇਸ ਦੇਸ਼ ਦੇ ਸ਼ੁੱਧ ਵਾਤਾਵਰਨ, ਆਵੋ ਹਵਾ, ਡਾਲਰਾਂ ’ਚ ਕਮਾਈ, ਮਹਿਲਾਂ ਵਰਗੇ ਘਰ, ਚਾਰੇ ਪਾਸੇ ਹਰਿਆਲੀ, ਖੁੱਲ੍ਹੀਆਂ ਸੜਕਾਂ, ਵੱਡੀਆਂ ਗੱਡੀਆਂ, ਸੋਨੇ ਦੇ ਕੜੇ ਅਤੇ ਚੈਨੀਆਂ ਅਤੇ ਸਰਦੀਆਂ ਦੇ ਦਿਨਾਂ ’ਚ ਇੱਥੋਂ ਦੇ ਨਿਵਾਸੀਆਂ ਦੇ ਸਰੀਰਾਂ ਉੱਤੇ ਪਏ ਗਰਮ ਕੱਪੜੇ ਅਤੇ ਬਰਫ਼ ਨਾਲ ਖੇਡਦੇ ਨੌਜਵਾਨ ਮੁੰਡੇ, ਕੁੜੀਆਂ ਅਤੇ ਬੱਚਿਆਂ ਨੂੰ ਮੀਡੀਆ ਵਿੱਚ ਵੇਖਦੇ, ਪੜ੍ਹਦੇ ਅਤੇ ਲੋਕਾਂ ਦੇ ਮੂੰਹਾਂ ਤੋਂ ਸੁਣਦੇ ਹਨ ਤਾਂ ਉਨ੍ਹਾਂ ਦੇ ਕੈਨੇਡਾ ਵਿੱਚ ਆ ਕੇ ਵਸਣ ਦੇ ਸੁਪਨਿਆਂ ਨੂੰ ਖੰਭ ਲੱਗ ਜਾਂਦੇ ਹਨ। ਉਨ੍ਹਾਂ ਦਾ ਦਿਲ ਕਰਨ ਲੱਗ ਪੈਂਦਾ ਹੈ ਕਿ ਕਦੋਂ ਜਹਾਜ਼ ਵਿੱਚ ਉੱਡ ਕੇ ਕੈਨੇਡਾ ਦੀ ਧਰਤੀ ਉੱਤੇ ਪਹੁੰਚ ਜਾਣ, ਪਰ ਕੌੜਾ ਸੱਚ ਇਹ ਵੀ ਹੈ ਕਿ ਕੈਨੇਡਾ ਵਿੱਚ ਵਸਦੇ ਲੋਕਾਂ ਦੀ ਜ਼ਿੰਦਗੀ ਦੀ ਤਸਵੀਰ ਦਾ ਇਹ ਇੱਕ ਪੱਖ ਹੈ।

ਕੈਨੇਡਾ ਠੰਢੇ ਪੱਛਮੀ ਦੇਸ਼ਾਂ ਵਿੱਚੋਂ ਇੱਕ ਹੈ। ਇੱਥੋਂ ਦੀ ਸਰਦ ਰੁੱਤ ਬਾਰੇ ਅਕਸਰ ਇਹ ਸੁਣਿਆ ਜਾਂਦਾ ਹੈ ਕਿ ਇਹ ਕੋਈ ਮਜ਼ਾਕ ਨਹੀਂ ਹੈ। ਇਹ ਰੁੱਤ ਹੱਦ ਤੋਂ ਜ਼ਿਆਦਾ ਠੰਢੀ ਅਤੇ ਬਰਫ਼ੀਲੀ ਹੁੰਦੀ ਹੈ। ਕੈਨੇਡਾ ਦੀ ਸਰਦ ਰੁੱਤ ਬਾਰੇ ਜਾਣਕਾਰੀ ਹਾਸਲ ਕਰਨ ਲਈ ਇਸ ਦੇ ਦਸ ਸ਼ਹਿਰਾਂ ਦੇ ਸਰਦ ਰੁੱਤ ਦੇ ਮੌਸਮ ਬਾਰੇ ਜਾਣ ਲੈਂਦੇ ਹਾਂ। ਇਸ ਦੇ ਇੱਕ ਸ਼ਹਿਰ ਐਡਮਿੰਟਨ ਦਾ ਸਰਦ ਰੁੱਤ ਦੇ ਮਹੀਨਿਆਂ ਦੌਰਾਨ ਔਸਤਨ ਤਾਪਮਾਨ -13 ਡਿਗਰੀ ਤੋਂ ਥੱਲੇ ਰਹਿੰਦਾ ਹੈ। ਇਹ ਸ਼ਹਿਰ ਪੂਰਨ ਤੌਰ ’ਤੇ ਖੁਸ਼ਕ ਅਤੇ ਭਿਆਨਕ ਸਰਦੀ ਲਈ ਜਾਣਿਆ ਜਾਂਦਾ ਹੈ। ਸਾਲ ਦੇ ਚਾਰ ਮਹੀਨਿਆਂ ਦੇ ਔਸਤਨ 133 ਦਿਨ ਔਸਤਨ 339 ਸੈਂਟੀਮੀਟਰ ਬਰਫ਼ ਪੈਂਦੀ ਹੈ। ਹੱਡ ਚੀਰਵੀਆਂ ਠੰਢੀਆਂ ਬਰਫ਼ੀਲੀਆਂ ਹਵਾਵਾਂ ਚੱਲਦੀਆਂ ਹਨ।

ਕਿਊਬਿਕ ਸ਼ਹਿਰ ਦੇ 129 ਕਿਲੋਮੀਟਰ ਉੱਤਰ ਦੱਖਣ ਵਿੱਚ ਸਥਿਤ ਟੌਰਸ ਨਦੀ ’ਤੇ ਸਾਲਾਨਾ ਔਸਤਨ ਤਾਪਮਾਨ -14 ਡਿਗਰੀ ਤੋਂ ਥੱਲੇ ਰਹਿੰਦਾ ਹੈ ਅਤੇ 259 ਸੈਂਟੀਮੀਟਰ ਬਰਫ਼ ਪੈਂਦੀ ਹੈ। ਇੱਥੇ ਖੁਸ਼ਕ ਨਮੀ ਵਾਲਾ ਮੌਸਮ ਹੋਣ ਕਰਕੇ ਮੌਸਮ ਵਿੱਚ ਗਰਮ ਤੋਂ ਸਰਦ ਰੁੱਤ ’ਚ ਭਿਆਨਕ ਤਬਦੀਲੀ ਹੁੰਦੀ ਹੈ, ਇਸ ਲਈ ਇਸ ਖੇਤਰ ਵਿੱਚ ਥੋੜ੍ਹੇ ਸਮੇਂ ਲਈ ਗਰਮੀ ਅਤੇ ਲੰਬੇ ਸਮੇਂ ਤੱਕ ਭਿਆਨਕ ਸਰਦੀ ਪੈਂਦੀ ਹੈ। ਕਿਊਬਿਕ ਸ਼ਹਿਰ ਦਾ ਸਰਦ ਰੁੱਤ ’ਚ ਔਸਤਨ ਤਾਪਮਾਨ -15.4 ਡਿਗਰੀ ਰਹਿੰਦਾ ਹੈ। ਸਭ ਤੋਂ ਵੱਧ ਬਰਫ਼ ਪੈਣ ਵਾਲੇ ਸ਼ਹਿਰਾਂ ’ਚੋਂ ਇੱਕ ਇਸ ਸ਼ਹਿਰ ’ਚ ਔਸਤਨ 303.4 ਸੈਂਟੀਮੀਟਰ ਬਰਫ਼ ਪੈਂਦੀ ਹੈ। ਬਰਫ਼ੀਲੇ ਦਿਨਾਂ ਵਿੱਚ ਇਸ ਸ਼ਹਿਰ ਵਿੱਚ ਕਾਰਨੀਵਲ ਤਿਉਹਾਰ ਮਨਾਇਆ ਜਾਂਦਾ ਹੈ, ਜਿਸ ’ਚ ਦੁਨੀਆ ਭਰ ਤੋਂ ਲੋਕ ਆਉਂਦੇ ਹਨ।

ਮੌਂਟਰੀਅਲ ਸ਼ਹਿਰ ਦੇ 156 ਕਿਲੋਮੀਟਰ ਪੂਰਬ ਵਿੱਚ ਸਥਿਤ ਸ਼ਹਿਰ ਸ਼ੇਰਬਰੂਕ ’ਚ ਔਸਤਨ ਤਾਪਮਾਨ -15.4 ਡਿਗਰੀ ਤੋਂ ਹੇਠਾਂ ਰਹਿੰਦਾ ਹੈ। ਇੱਥੇ ਦਾ ਤਾਪਮਾਨ ਖੁਸ਼ਕ ਹੁੰਦਾ ਹੈ। ਇੱਥੇ ਲੰਬੇ ਸਮੇਂ ਤੱਕ ਚੱਲਣ ਵਾਲੇ ਸਰਦ ਮੌਸਮ ’ਚ 286.5 ਸੈਂਟੀਮੀਟਰ ਬਰਫ਼ ਪੈਂਦੀ ਹੈ। ਓਂਟਾਰੀਓ ਦੇ ਸਡਬਰੀ ’ਚ ਸਰਦ ਰੁੱਤ ਵਿੱਚ ਔਸਤਨ ਤਾਪਮਾਨ -15.5 ਡਿਗਰੀ ਤੋਂ ਹੇਠਾਂ ਰਹਿੰਦਾ ਹੈ ਅਤੇ 236.4 ਸੈਂਟੀਮੀਟਰ ਬਰਫ਼ ਪੈਂਦੀ ਹੈ। ਪੂਰਬ ’ਚ ਪੈਂਦੀਆਂ ਵੱਡੀਆਂ ਝੀਲਾਂ, ਆਰਕਟਿਕ ਹਵਾਵਾਂ ਦੇ ਚੱਲਣ ਕਾਰਨ ਸਡਬਰੀ ਦਾ ਮੌਸਮ ਬੇਹੱਦ ਠੰਢਾ ਹੁੰਦਾ ਹੈ। ਸਡਬਰੀ ’ਚ ਔਸਤਨ 136 ਦਿਨ ਬਰਫ਼ ਪੈਂਦੀ ਹੈ।



ਸਸਕੈਚਵਾਨ ਸ਼ਹਿਰ ਦਾ ਸਰਦ ਰੁੱਤ ’ਚ ਔਸਤਨ ਤਾਪਮਾਨ -16.5 ਡਿਗਰੀ ਤੋਂ ਘੱਟ ਰਹਿੰਦਾ ਹੈ। ਸਾਲ ਦੇ 124 ਦਿਨ ਇਹ ਬਰਫ਼ ਨਾਲ ਢਕਿਆ ਰਹਿੰਦਾ ਹੈ। 1893 ਵਿੱਚ ਸਰਦ ਰੁੱਤ ਵਿੱਚ ਇਸ ਦਾ ਤਾਪਮਾਨ -50 ਡਿਗਰੀ ਰਿਹਾ ਸੀ।

1,21,621 ਦੀ ਆਬਾਦੀ ਵਾਲਾ ਸ਼ਹਿਰ ਥੰਡ ਰਵੇ (ਓਂਟਾਰੀਓ) ਸਡਬਰੀ ਦੇ 1000 ਕਿਲੋਮੀਟਰ ਉੱਤਰ ਪੂਰਬ ’ਚ ਉੱਪਰ ਨੂੰ ਸਥਿਤ ਹੈ। ਸਰਦ ਰੁੱਤ ਅਤੇ ਬਰਫ਼ੀਲੇ ਦਿਨਾਂ ’ਚ ਇਸ ਦਾ ਔਸਤਨ ਤਾਪਮਾਨ -18 ਡਿਗਰੀ ਤੋਂ ਥੱਲੇ ਰਹਿੰਦਾ ਹੈ। ਰੇਗੀਨਾ (ਸਸਕੈਚਵਾਨ) ਦੇ 258 ਕਿਲੋਮੀਟਰ ਦੱਖਣ ’ਚ ਸਥਿਤ ਹੈ। ਸਸਕੈਚਵਾਨ ਦੀ ਰਾਜਧਾਨੀ ਦੇ ਇਸ ਸ਼ਹਿਰ ਦੇ ਨਿਵਾਸੀਆਂ ਨੂੰ ਸਰਦ ਰੁੱਤ ਦੇ ਦਿਨਾਂ ’ਚ ਭਾਰੀ ਬਰਫ਼ਬਾਰੀ, ਹੱਡ ਚੀਰਵੀਆਂ ਠੰਢੀਆਂ ਹਵਾਵਾਂ ਚੱਲਣ ਨਾਲ ਇਹ ਦਿਨ ਬਹੁਤ ਔਖੇ ਹੋ ਕੇ ਗੁਜ਼ਾਰਨੇ ਪੈਂਦੇ ਹਨ। ਸਰਦ ਰੁੱਤ ’ਚ ਇੱਥੋਂ ਦਾ ਤਾਪਮਾਨ ਔਸਤਨ-182 ਡਿਗਰੀ ਦੇ ਥੱਲੇ ਰਹਿੰਦਾ ਹੈ। ਕੁਝ ਦਿਨਾਂ ’ਚ ਇਸ ਦਾ ਤਾਪਮਾਨ -30 ਡਿਗਰੀ ਵੀ ਚਲਾ ਜਾਂਦਾ ਹੈ।

ਕਿਊਬਿਕ ਸ਼ਹਿਰ ਦੇ 211 ਕਿਲੋਮੀਟਰ ਉੱਤਰ ਵਿੱਚ ਸਥਿਤ ਸੈਗੁਏਨੇ ਦਾ ਸਰਦ ਰੁੱਤ ਵਿੱਚ ਔਸਤਨ ਤਾਪਮਾਨ -18.3 ਡਿਗਰੀ ਰਹਿੰਦਾ ਹੈ। ਇੱਥੇ ਔਸਤਨ 321.7 ਸੈਂਟੀਮੀਟਰ ਬਰਫ਼ ਪੈਂਦੀ ਹੈ। ਇਹ ਕੈਨੇਡਾ ਦਾ ਸਭ ਤੋਂ ਵੱਧ ਬਰਫ਼ ਪੈਣ ਵਾਲਾ ਦੂਜਾ ਸ਼ਹਿਰ ਹੈ। ਮੈਨੀਟੋਬਾ ਦਾ ਸ਼ਹਿਰ ਵਿਨੀਪੈਗ ਕੈਨੇਡਾ ਦਾ ਸਭ ਤੋਂ ਠੰਢਾ ਸ਼ਹਿਰ ਹੈ।

ਵਿਨੀਪੈਗ ਦਾ ਸਰਦ ਰੁੱਤ ’ਚ ਔਸਤਨ ਤਾਪਮਾਨ -19.2 ਡਿਗਰੀ ਤੋਂ ਹੇਠਾਂ ਪਹੁੰਚ ਜਾਂਦਾ ਹੈ। ਇੱਥੋਂ ਦੇ 12 ਦਿਨ ਅਜਿਹੇ ਵੀ ਹੁੰਦੇ ਹਨ, ਜਦੋਂ ਇੱਥੋਂ ਦਾ ਤਾਪਮਾਨ -30 ਡਿਗਰੀ ਹੁੰਦਾ ਹੈ। ਇਹ ਸ਼ਹਿਰ ਰੈੱਡ ਰਿਵਰ ਵੈਲੀ ਦੇ ਨੇੜੇ ਸਥਿਤ ਹੈ।

ਕੈਨੇਡਾ ਦੇ ਨਵੰਬਰ ਤੋਂ ਮਾਰਚ ਤੱਕ ਦੇ ਬਰਫ਼ੀਲੇ ਅਤੇ ਸਰਦ ਰੁੱਤ ਦੇ ਪੰਜ ਮਹੀਨੇ ਕੈਨੇਡਾ ਵਾਸੀਆਂ ਲਈ ਬਹੁਤ ਸਮੱਸਿਆ ਭਰਪੂਰ ਹੁੰਦੇ ਹਨ। ਇਨ੍ਹਾਂ ਮਹੀਨਿਆਂ ਵਿੱਚ ਚਾਰੇ ਪਾਸੇ ਪਤਝੜ ਛਾ ਜਾਂਦੀ ਹੈ। ਰੁੱਖ ਰੁੰਡ ਮਰੁੰਡ ਹੋ ਜਾਂਦੇ ਹਨ। ਸਮੁੱਚਾ ਖੇਤਰ ਬਰਫ਼ ਨਾਲ ਢਕ ਜਾਂਦਾ ਹੈ। ਠੰਢੀਆਂ ਹੱਡ ਚੀਰਵੀਆਂ ਹਵਾਵਾਂ ਚੱਲਦੀਆਂ ਹਨ। ਪਾਰਕਾਂ ਬਰਫ਼ ਨਾਲ ਢਕ ਜਾਂਦੀਆਂ ਹਨ। ਬਜ਼ੁਰਗਾਂ ਅਤੇ ਬੱਚਿਆਂ ਦਾ ਘਰ ਤੋਂ ਨਿਕਲਣਾ ਬੰਦ ਹੋ ਜਾਂਦਾ ਹੈ। ਬਰਫ਼ ਉੱਤੋਂ ਫਿਸਲਕੇ ਡਿੱਗਣ ਦੇ ਡਰ ਕਾਰਨ ਲੋਕਾਂ ਨੂੰ ਸੈਰ ਕਰਨੀ ਔਖੀ ਕਰ ਦਿੰਦਾ ਹੈ। ਬੇਸਮੈਂਟ ’ਚ ਰਹਿੰਦੇ ਲੋਕਾਂ ਦੀ ਜ਼ਿੰਦਗੀ ਹੋਰ ਵੀ ਔਖੀ ਹੋ ਜਾਂਦੀ ਹੈ। ਸਵੇਰੇ ਬੱਚਿਆਂ ਨੂੰ ਸਕੂਲ ਛੱਡਣ ਲਈ ਅਤੇ ਡਿਊਟੀ ’ਤੇ ਜਾਣ ਲਈ ਘਰ ਅੱਗੇ ਅਤੇ ਗੱਡੀਆਂ ਉੱਤੇ ਜੰਮੀ ਬਰਫ਼ ਸਾਫ਼ ਕਰਨਾ ਬਹੁਤ ਵੱਡੀ ਮੁਸੀਬਤ ਹੁੰਦੀ ਹੈ।

(ਬਾਕੀ ਅਗਲੇ ਪਰਚੇ ਵਿਚ)

## HERITAGE

# Deportation Fears Grow for International Students After Vancouver College Shutdown




Hundreds of international students in Canada are facing uncertainty and possible deportation after a private college in British Columbia was shut down for serious regulatory violations. The BC government has ordered the closure of Pacific Link College following an investigation that exposed major irregularities in courses, admissions, and work placement promises. The college management allegedly misled international students, many of whom paid large sums in tuition fees. According to a Vancouver Sun report, Devinder Singh Sandhu is one of the affected students. He contacted the college through an India-based agent in August 2024 and paid CAD 8,500 before enrolling at the Burnaby campus in February this year. He now says he feels cheated. A Nigerian student paid CAD 14,900 and is struggling to recover the amount. Balraj Kahlon, founder of student advocacy group Vancouver Voices Canada, said students are angry after losing both money and crucial time. While fee refunds may be possible, lost time cannot be recovered. The BC government has advised students to seek admission in other institutions, but limited international student quotas make transfers difficult. Even former graduates are worried about the impact on their qualifications and work experience.

## ਹੁਣ ਅੰਗਰੇਜ਼ੀ-ਹਿੰਦੀ ਦੀਆਂ ਕਿਤਾਬਾਂ ਵਿਚ ਵੀ ਹੋਵੇਗਾ "ਊੜਾ ਐੜਾ"

ਪੰਜਾਬ ਦੇ ਸਿੱਖਿਆ ਵਿਭਾਗ ਨੇ ਵਿਦਿਆਰਥੀਆਂ ਦੀ ਗੁਰਮੁਖੀ ਲਿਪੀ ਪੜ੍ਹਨ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਇੱਕ ਵੱਡੀ ਪਹਲ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਤਹਿਤ ਆਉਣ ਵਾਲੇ ਅਕਾਦਮਿਕ ਸੈਸ਼ਨ ਤੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ ਸਾਰੀਆਂ ਭਾਸ਼ਾਈ ਪਾਠ-ਪੁਸਤਕਾਂ ਵਿੱਚ ਗੁਰਮੁਖੀ ਵਰਣਮਾਲਾ ਨਾਲ ਸੰਬੰਧਤ ਇੱਕ ਵਿਸ਼ੇਸ਼ ਪੰਨਾ ਸ਼ਾਮਲ ਕੀਤਾ ਜਾਵੇਗਾ। ਇਹ ਕਵਾਇਦ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ, ਪ੍ਰਾਈਵੇਟ ਅਤੇ ਹੋਰ ਸਕੂਲਾਂ ਵਿੱਚ ਪਹਿਲੀ ਤੋਂ ਬਾਰ੍ਹਵੀਂ ਜਮਾਤ ਤੱਕ ਪੜ੍ਹ ਰਹੇ ਲਗਭਗ 60 ਲੱਖ ਵਿਦਿਆਰਥੀਆਂ ਨੂੰ ਕਵਰ ਕਰੇਗੀ। ਸਿੱਖਿਆ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਵੱਖ-ਵੱਖ ਜਮਾਤਾਂ ਦੇ ਭਾਸ਼ਾਈ ਪੇਪਰਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਸੀ ਕਿ ਗੁਰਮੁਖੀ ਲਿਪੀ ਪੜ੍ਹਨ ਦੇ ਹੁਨਰ ਨੂੰ ਮਜ਼ਬੂਤ ਕਰਨ ਦੀ ਤੁਰੰਤ ਲੋੜ ਹੈ। ਇਸ ਲਈ ਫ਼ੈਸਲਾ ਕੀਤਾ ਗਿਆ ਹੈ ਕਿ ਪੰਜਾਬੀ ਦੀਆਂ ਪਾਠ-ਪੁਸਤਕਾਂ ਵਿੱਚ ਗੁਰਮੁਖੀ ਵਰਣਮਾਲਾ ਮੁੱਖਬੰਧ (ਪ੍ਰੀਫੇਸ) ਤੋਂ ਪਹਿਲਾਂ ਅਤੇ ਕਿਤਾਬ ਦੇ ਅਖੀਰ 'ਤੇ ਛਾਪੀ ਜਾਵੇਗੀ। ਹਿੰਦੀ ਅਤੇ ਅੰਗਰੇਜ਼ੀ ਦੀਆਂ ਕਿਤਾਬਾਂ ਵਿੱਚ ਸਬੰਧਤ ਭਾਸ਼ਾ ਦੀ ਵਰਣਮਾਲਾ ਦੇ ਹੇਠਾਂ ਗੁਰਮੁਖੀ ਅੱਖਰ ਦਿੱਤੇ ਜਾਣਗੇ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਕਿਹਾ ਕਿ ਇਸ ਪਹਲ ਦਾ ਮਕਸਦ ਵਿਦਿਆਰਥੀਆਂ ਦਾ ਧਿਆਨ ਗੁਰਮੁਖੀ ਲਿਪੀ ਵੱਲ ਕੇਂਦਰਿਤ ਕਰਨਾ ਅਤੇ ਪੜ੍ਹਨ ਦੀ ਆਦਤ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਅਕਾਦਮਿਕ ਸੈਸ਼ਨ 2026-27 ਤੋਂ ਭਾਸ਼ਾਈ ਪਾਠ-ਪੁਸਤਕਾਂ ਵਿੱਚ ਇਹ ਨਵੀਂ ਵਿਸ਼ੇਸ਼ਤਾ ਲਾਗੂ ਕੀਤੀ ਜਾਵੇਗੀ।

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **What was the primary reason Guru Gobind Singh Ji had to engage in battles?**
   - A. A. Desire to expand political territory
   - B. Personal rivalry with Hill Chiefs
   - C. Forced self-defence against oppression & injustice
   - D. To establish a military empire
2. **Which principle of Guru Gobind Singh Ji disturbed the Hill Chiefs the most?**
   - A. His interest in royal luxury
   - B. His rejection of spiritual practices
   - C. His policy of baptising lower castes and granting equality
   - D. His alliance with foreign rulers
3. **Guru Gobind Singh Ji's battles were primarily fought to:**
   - A. Convert people forcibly
   - B. Protect dharma and human dignity
   - C. Control trade routes
   - 4. Gain wealth and tribute

(ਦੇਖੋ ਉੱਤਰ ਪੰਨਾ 4 'ਤੇ)

# ਮੁੱਦਕੀ ਦੀ ਜੰਗ
# (ਜੰਗ ਸਿੰਘਾਂ ਤੇ ਫਿਰੰਗੀਆਂ) - 2

- ਬਲਦੀਪ ਸਿੰਘ ਰਾਮੂੰਵਾਲੀਆ



ਇਸ ਲੜਾਈ ਵਿੱਚ 215 ਅੰਗਰੇਜ਼ ਫੌਜੀ ਮਾਰੇ ਗਏ। ਮਰਨ ਵਾਲਿਆਂ ਵਿਚ 15 ਵੱਡੇ ਅਫ਼ਸਰ ਸਨ। 657 ਜ਼ਖ਼ਮੀ ਹੋਏ। ਇਹਨਾਂ ਨੁਕਸਾਨ ਹੀ ਖਾਲਸਾ ਫੌਜਾਂ ਦਾ ਹੋਇਆ। ਇਸ ਸਮੇਂ ਦਰਦਮੰਦ ਘਟਨਾ ਇਹ ਵਾਪਰੀ ਕਿ ਖਾਲਸਾ ਫ਼ੌਜਾਂ ਦੇ ਸ਼ਹੀਦ ਫ਼ੌਜੀਆਂ ਦਾ ਸਸਕਾਰ ਕਰਨ ਵਾਲਾ ਕੋਈ ਨਹੀਂ ਸੀ। 17 ਖਾਲਸਾ ਫ਼ੌਜ ਦੀਆਂ ਤੋਪਾਂ ਵੀ ਅੰਗਰੇਜ਼ਾਂ ਹਥ ਲੱਗੀਆਂ।ਲਾਸ਼ਾਂ ਰੁਲਦੀਆਂ ਰਹੀਆਂ। ਜਦ ਮੁਦਕੀ ਪਿੰਡ ਵਾਲੇ ਕੁਝ ਮਹੀਨਿਆਂ ਬਾਅਦ ਵਾਪਸ ਆਏ ਤਾਂ ਉਹਨਾਂ ਸਾਰੇ ਕਰੰਗ 'ਕੱਠੇ ਕਰਕੇ ਦੋ ਥਾਂਈਂ ਸਸਕਾਰ ਕੀਤਾ। ਇਸ ਸਮੇਂ ਫ਼ਰੀਦਕੋਟੀਆ ਪਹਾੜਾ ਸਿੰਘ ਅੰਗਰੇਜ਼ਾਂ ਨੂੰ ਹਰ ਤਰ੍ਹਾਂ ਮਦਦ ਕਰ ਰਿਹਾ ਸੀ। ਉਸਨੇ ਆਪਣਾ ਮੁੰਡਾ ਵਜ਼ੀਰ ਸਿੰਘ ਤੇ ਵਕੀਲ ਘੁਮੰਡ ਸਿੰਘ ਅੰਗਰੇਜ਼ਾਂ ਕੋਲ ਮੁੱਦਕੀ ਭੇਜ ਦਿੱਤੇ ਸਨ। ਪਹਾੜਾ ਸਿੰਘ ਮੁਦਕੀ ਦੀ ਜੰਗ ਤੋਂ ਅਗਲੇ ਦਿਨ ਜਦ ਪੁਜਾ ਤਾਂ ਮੇਜਰ ਬ੍ਰਾਡਫੁਟ ਨੇ ਉਸਦੀਆਂ ਅੰਗਰੇਜ਼ੀ ਰਾਜ ਪ੍ਰਤੀ ਸੇਵਾਵਾਂ ਦੇ ਇਨਾਮ ਵਿਚ ਸਿੱਖ ਪਰਗਣਾ ਕੋਟਕਪੂਰਾ ਪਹਾੜਾ ਸਿੰਘ ਨੂੰ ਦੇਣ ਦੀ ਗਵਰਨਰ ਜਨਰਦ ਪਾਸ ਸਿਫ਼ਾਰਸ਼ ਕੀਤੀ ਸੀ।

ਇਸ ਲੜਾਈ ਬਾਰੇ ਹਿਊ ਗਫ਼ ਨੇ ਕਿਹਾ ਸੀ "ਸਿੱਖ ਆਪਣਾ ਸਭ ਕੁਝ ਦਾਅ ਤੇ ਲਾ ਕੇ ਖ਼ੂਬ ਲੜੇ।"

ਮੈਕਗ੍ਰੇਗਰ ਲਿਖਦਾ ਹੈ ਕਿ ਸਿੱਖਾਂ ਨੇ ਜੰਗ ਦੇ ਮੈਦਾਨ ਵਿਚ ਵੀ ਉਚ ਕਿਰਦਾਰ ਦੀ ਪੇਸ਼ਕਾਰੀ ਕੀਤੀ, ਜਿਸਦਾ ਅੰਗਰੇਜ਼ਾਂ ਤੇ ਬਹੁਤ ਪ੍ਰਭਾਵ ਪਿਆ। ਉਹ ਲਿਖਦਾ "(ਇਸ ਜੰਗ ਪਿੱਛੋਂ ਹੀ) ਕੁਝ ਅੰਗਰੇਜ਼ ਫ਼ੌਜੀ ਰਾਹ ਖੁੰਝ ਕੇ ਸਿੱਖ ਛਾਉਣੀ ਵਿਚ ਚੱਲੇ ਗਏ, ਤਾਂ ਸਿੱਖ ਸਰਦਾਰਾਂ ਨੇ ਬਾਇਜ਼ੱਤ ਉਹਨਾਂ ਨੂੰ ਰਾਹ ਖਰਚ ਲਈ ਪੈਸੇ ਦੇ ਕੇ ਅੰਗਰੇਜ਼ ਛਾਉਣੀ ਵਿਚ ਪਹੁੰਚਾ ਦਿੱਤਾ ਸੀ।"

ਮੁੱਦਕੀ ਦੀ ਜੰਗ ਖਾਲਸਾ ਫ਼ੌਜ ਨੇ ਲੜੀ, ਵਜ਼ੀਰ ਲਾਲ ਸਿੰਘ ਗ਼ਦਾਰੀ ਕਰ ਗਿਆ, ਅੰਗਰੇਜ਼ਾਂ ਨੇ ਛਲ ਕਪਟ ਨਾਲ ਇਹ ਜੰਗ ਜਿੱਤੀ ਪਰ ਖ਼ੁਦ ਸਮਝਦੇ ਸਨ ਕਿ ਇਹ ਨੂੰ ਜਿੱਤ ਨਹੀਂ ਕਿਹਾ ਜਾ ਸਕਦਾ। ਪੀਅਰਸਨ ਲਿਖਦਾ ਹੈ ਕਿ "ਮੁਦਕੀ ਦੀ ਪਹਿਲੀ ਲੜਾਈ ਵਿਚ ਅੰਗਰੇਜ਼ਾਂ ਨੂੰ ਇਸ ਕਰਕੇ ਜਿੱਤ ਹੋ ਗਈ ਕਿ ਹੱਲੇ ਦਾ ਹੁਕਮ ਦੇਣ ਪਿਛੋਂ ਮਿਥੀ ਹੋਈ ਵਿਉਂਤ ਅਨੁਸਾਰ ਲਾਲ ਸਿੰਘ ਨੇ ਲੜਾਈ ਵਿਚ ਕੋਈ ਹਿੱਸਾ ਨ ਲਿਆ।" ਕਰਨਲ ਮੈਲੀਸਨ ਲਿਖਦਾ ਹੈ "ਇਸ ਵਿਚ ਸ਼ੱਕ ਹੈ ਕਿ ਫ਼ਤਹ ਨੇ ਅੰਗਰੇਜ਼ਾਂ ਦੇ ਕਦਮ ਚੁੰਮੇ ਹੋਣ।" ਕਨਿੰਘਮ ਵੀ ਲਿਖਦਾ ਹੈ "ਅੰਗਰੇਜ਼ਾਂ ਦੀ ਇਹ ਫ਼ਤਹ ਉਹਨਾਂ ਦੀਆਂ ਹੋਰ ਜਿੱਤਾਂ ਵਾਂਗ ਪੂਰੀ ਨਹੀਂ ਸੀ।"

- ਬਲਦੀਪ ਸਿੰਘ ਰਾਮੂੰਵਾਲੀਆ

# ਅੰਮ੍ਰਿਤਧਾਰੀ ਸਿੱਖ ਨੌਜਵਾਨ ਦੀ ਪਹਿਲ ਨਾਲ ਬਣੀ ਨਵੀਂ ਪਰੰਪਰਾ



ਕੈਨੇਡਾ ਵਿੱਚ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੇ ਸੰਵਿਧਾਨਕ ਰਿਵਾਇਤ ਵਿੱਚ ਮਹੱਤਵਪੂਰਨ ਤਬਦੀਲੀ ਕਰਵਾਕੇ ਨਵਾਂ ਇਤਿਹਾਸ ਰਚਿਆ ਹੈ। ਪ੍ਰਭਜੋਤ ਸਿੰਘ ਵੜਿੰਗ ਨੇ ਰਾਜ ਘਰਾਣੇ ਦੇ ਨਾਂਅ 'ਤੇ ਹਲਫ਼ ਲੈਣ ਦੀ ਪ੍ਰੰਪਰਾ (ਜੋ ਕਿ 1912 ਤੋਂ ਚੱਲੀ ਆ ਰਹੀ ਸੀ) 'ਤੇ ਸਵਾਲ ਖੜ੍ਹੇ ਕਰਦੇ ਹੋਏ ਆਪਣੀ ਧਾਰਮਿਕ ਆਸਥਾ ਭਾਵ ਗੁਰੂ ਗ੍ਰੰਥ ਸਾਹਿਬ ਦੇ ਨਾਂ 'ਤੇ ਹਲਫ਼ ਲੈਣ ਦੀ ਮੰਗ ਕੀਤੀ, ਜਿਸਨੂੰ ਸਵੀਕਾਰ ਕਰ ਲਿਆ ਗਿਆ। ਪ੍ਰਭਜੋਤ ਸਿੰਘ ਵੜਿੰਗ ਨੇ ਕਿਹਾ ਕਿ ਰਾਜ ਘਰਾਣੇ ਨਾਲ ਜੁੜੀ ਹਲਫ਼ ਉਸਦੇ ਧਾਰਮਿਕ ਵਿਸ਼ਵਾਸਾਂ ਨਾਲ ਮੇਲ ਨਹੀਂ ਖਾਂਦੀ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਕੈਨੇਡਾ ਦੇ ਕਾਨੂੰਨਾਂ, ਸੰਵਿਧਾਨ ਅਤੇ ਲੋਕਤੰਤਰਿਕ ਮੁੱਲਾਂ ਪ੍ਰਤੀ ਪੂਰੀ ਵਫ਼ਾਦਾਰੀ ਰੱਖਦਾ ਹੈ, ਪਰ ਕਿਸੇ ਵਿਅਕਤੀ ਜਾਂ ਘਰਾਣੇ ਦੇ ਨਾਂਅ 'ਤੇ ਸਹੁੰ ਚੁੱਕਣਾ ਉਸ ਲਈ ਸੰਭਵ ਨਹੀਂ ਸੀ। ਅਧਿਕਾਰੀਆਂ ਵੱਲੋਂ ਉਸਦੀ ਬੇਨਤੀ 'ਤੇ ਵਿਚਾਰ ਕਰਨ ਮਗਰੋਂ ਹਲਫ਼ ਦੇ ਸ਼ਬਦਾਂ ਵਿੱਚ ਤਬਦੀਲੀ ਕੀਤੀ ਗਈ। ਇਸ ਕਦਮ ਨੂੰ ਧਾਰਮਿਕ ਆਜ਼ਾਦੀ ਅਤੇ ਵਿਅਕਤੀਗਤ ਅਧਿਕਾਰਾਂ ਦੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ। ਸਿੱਖ ਭਾਈਚਾਰੇ ਸਮੇਤ ਕਈ ਵਰਗਾਂ ਵੱਲੋਂ ਪ੍ਰਭਜੋਤ ਸਿੰਘ ਵੜਿੰਗ ਦੀ ਹਿੰਮਤ ਅਤੇ ਸਿਧਾਂਤਕ ਰੁਖ ਦੀ ਸ਼ਲਾਘਾ ਕੀਤੀ ਜਾ ਰਹੀ ਹੈ।


## SIKH MATRIMONIALS

Match for Sikh girl 26/ 5'3"/Post Graduate/ Working in Toronto, Canada/ 66000 Canadian Dollars/ Father Banker Mother Teacher/ Younger Brother studying in Canada.Contact father 91 9868472482

Gursikh Boy 30 /5'10"/Bachelors of Hotel Management/ Working in Calgary, Alberta/ 70K US Dollars/ Contact +14168292405

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

GursikhGirl32/5'4"/MAPsychologyPunjabUniversity. Stays in Chandigarh/Father Retd as Additional Director from GOI. CONTACT +91 8360626857


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. C 3. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555